**ਪੰਜਾਬ ਸਕੂਲ ਸਿੱਖਿਆ ਬੋਰਡ**

**ਸਰਕੂਲਰ (Circular)**

**Circular No.** 03

**Dated:** 16/9/2021

1) **ਸਮੂਹ ਸਰਕਾਰੀ/ਐਫੀਲੀਏਟਿਡ/ਏਡਿਡ/ਅਸੋਸੀਏਟਿਡ/ਮਾਨਤਾ ਪ੍ਰਾਪਤ ਸਕੂਲ ਮੁਖੀ, ਸਬੰਧਤ ਵਿਦਿਆਰਥੀ,**

2) **ਜ਼ਿਲ੍ਹਾ ਮੈਨੇਜ਼ਰ, ਖੇਤਰੀ ਦਫਤਰ (ਪਸਸਬ),**

3) **ਜ਼ਿਲ੍ਹਾ ਸਿੱਖਿਆ ਅਫ਼ਸਰ ਦੀ ਸੂਚਨਾਂ ਹਿੱਤ (ਵੈੱਬ ਸਾਈਟ ਰਾਹੀਂ)।**

ਬਾਰ੍ਹਵੀਂ ਸ਼੍ਰੇਣੀ ਦੀ ਸਕੀਮ ਆਫ ਸਟਡੀਜ਼ ਅਧੀਨ ਜਿਹੜੇ ਪ੍ਰੀਖਿਆਰਥੀਆਂ ਨੇ ਅਕਾਦਮਿਕ ਸੈਸ਼ਨ 2020-21 ਵਿੱਚ ਗਿਆਰ੍ਹਵੀਂ ਸ਼੍ਰੇਣੀ ਹਿਊਮੈਨਟੀਜ਼ ਗਰੁੱਪ ਅਧੀਨ ਤਿੰਨ ਵਿਸ਼ੇ Economics, Business Studies and Accountancy ਪੜ੍ਹਕੇ ਪ੍ਰੀਖਿਆ ਪਾਸ ਕੀਤੀ ਹੈ, ਉਹਨਾਂ ਵਾਸਤੇ ਅਕਾਦਮਿਕ ਸੈਸ਼ਨ 2021-22 ਲਈ ਬਾਰ੍ਹਵੀਂ ਵਿੱਚ ਦਾਖਲਾ ਲੈਣ ਲਈ ਹੇਠ ਲਿਖੇ ਅਨੁਸਾਰ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ:-

1. ਅਕਾਦਮਿਕ ਸੈਸ਼ਨ 2021-22 ਅਧੀਨ ਜੇਕਰ ਸਕੂਲ ਵੱਲੋਂ ਪ੍ਰੀਖਿਆਰਥੀ ਦੀ ਬਾਰ੍ਹਵੀਂ ਵਿੱਚ ਅਜੇ ਤੱਕ ਰਜਿਸਟ੍ਰੇਸ਼ਨ/ਕੰਟਨਿਊਏਸ਼ਨ ਨਹੀਂ ਭੇਜੀ ਗਈ ਅਤੇ ਪ੍ਰੀਖਿਆਰਥੀ ਇਹਨਾਂ ਵਿਸ਼ਿਆਂ ਨਾਲ ਹੀ ਬਾਰ੍ਹਵੀਂ ਸ਼੍ਰੇਣੀ ਵਿੱਚ ਪੜ੍ਹਾਈ ਜਾਰੀ ਰੱਖਣਾ ਚਾਹੁੰਦਾ ਹੈ ਤਾਂ ਅਕਾਦਮਿਕ ਸੈਸ਼ਨ 2020-21 ਅਧੀਨ ਉਸ ਪ੍ਰੀਖਿਆਰਥੀ ਦੀ ਗਿਆਰ੍ਹਵੀਂ ਦੀ ਰਜਿਸਟ੍ਰੇਸ਼ਨ ਵਿੱਚ ਹਿਊਮੈਨਟੀਜ਼ ਗਰੁੱਪ ਤੋਂ ਕਾਮਰਸ ਗਰੁੱਪ ਦੀ ਸੋਧ ਖੇਤਰੀ ਦਫਤਰ ਵਿੱਚ ਸਕੂਲ ਲੈਟਰ ਹੈੱਡ ਤੇ ਪ੍ਰਤੀ ਬੇਨਤੀ ਦੇ ਕੇ ਬੋਰਡ ਵੱਲੋਂ ਰਜਿਸਟ੍ਰੇਸ਼ਨ ਦੀ ਨਿਰਧਾਰਿਤ ਮਿਤੀ ਤੱਕ ਕਰਵਾਈ ਜਾ ਸਕੇਗੀ ਅਤੇ ਉਸ ਉਪਰੰਤ ਸਕੂਲ ਵੱਲੋਂ ਬਾਰ੍ਹਵੀਂ ਵਿੱਚ ਪ੍ਰੀਖਿਆਰਥੀ ਦਾ ਡਾਟਾ ਵੀ ਨਿਰਧਾਰਿਤ ਮਿਤੀ ਤੱਕ ਇੰਮਪੋਰਟ ਕੀਤਾ ਜਾਵੇਗਾ।

2. ਅਕਾਦਮਿਕ ਸੈਸ਼ਨ 2021-22 ਅਧੀਨ ਜੇਕਰ ਸਕੂਲ ਵੱਲੋਂ ਪ੍ਰੀਖਿਆਰਥੀ ਦੀ ਬਾਰ੍ਹਵੀਂ ਵਿੱਚ ਅਜੇ ਤੱਕ ਰਜਿਸਟ੍ਰੇਸ਼ਨ/ਕੰਟਨਿਊਏਸ਼ਨ ਨਹੀਂ ਭੇਜੀ ਗਈ ਅਤੇ ਪ੍ਰੀਖਿਆਰਥੀ ਬਾਰ੍ਹਵੀਂ ਸ਼੍ਰੇਣੀ ਵਿੱਚ ਹਿਊਮੈਨਟੀਜ਼ ਗਰੁੱਪ ਅਧੀਨ ਪੜ੍ਹਾਈ ਜਾਰੀ ਰੱਖਣਾ ਚਾਹੁੰਦਾ ਹੈ ਤਾਂ ਸਕੂਲ ਵੱਲੋਂ ਬਾਰ੍ਹਵੀਂ ਵਿੱਚ ਪ੍ਰੀਖਿਆਰਥੀ ਦਾ ਡਾਟਾ ਹਿਊਮੈਨਟੀਜ਼ ਗਰੁੱਪ ਅਧੀਨ ਇੰਮਪੋਰਟ ਕਰਕੇ ਉਸਦੇ ਵਿਸ਼ੇ ਬਦਲੇ ਜਾਣਗੇ। ਇਹਨਾਂ 3 ਵਿਸ਼ਿਆਂ ਵਿੱਚੋਂ 1 ਵਿਸ਼ਾ ਬਤੌਰ ਇਲੈਕਟਿਵ ਅਤੇ 1 ਵਿਸ਼ਾ ਬਤੌਰ ਵਾਧੂ ਵਿਸ਼ਾ ਲਿਆ ਜਾ ਸਕਦਾ ਹੈ।

3. ਅਕਾਦਮਿਕ ਸੈਸ਼ਨ 2021-22 ਅਧੀਨ ਜੇਕਰ ਸਕੂਲ ਵੱਲੋਂ ਹਿਊਮੈਨਟੀਜ਼ ਗਰੁੱਪ ਅਧੀਨ ਹੀ ਵਿਸ਼ੇ ਬਦਲਦੇ ਹੋਏ ਪ੍ਰੀਖਿਆਰਥੀ ਦੀ ਬਾਰ੍ਹਵੀਂ ਵਿੱਚ ਰਜਿਸਟ੍ਰੇਸ਼ਨ/ਕੰਟਨਿਊਏਸ਼ਨ ਭੇਜੀ ਜਾ ਚੁੱਕੀ ਹੈ ਪ੍ਰੰਤੂ ਪ੍ਰੀਖਿਆਰਥੀ ਕਾਮਰਸ ਗਰੁੱਪ ਦੇ ਵਿਸ਼ਿਆ ਨਾਲ ਹੀ ਬਾਰ੍ਹਵੀਂ ਸ਼੍ਰੇਣੀ ਵਿੱਚ ਪੜ੍ਹਾਈ ਜਾਰੀ ਰੱਖਣਾ ਚਾਹੁੰਦਾ ਹੈ ਤਾਂ ਅਕਾਦਮਿਕ ਸੈਸ਼ਨ 2020-21 ਅਧੀਨ ਉਸ ਪ੍ਰੀਖਿਆਰਥੀ ਦੀ ਗਿਆਰ੍ਹਵੀਂ ਦੀ ਰਜਿਸ਼ਟ੍ਰੇਸਨ ਵਿੱਚ ਹਿਊਮੈਨਟੀਜ਼ ਗਰੁੱਪ ਤੋਂ ਕਾਮਰਸ ਗਰੁੱਪ ਦੀ ਸੋਧ ਖੇਤਰੀ ਦਫਤਰ ਵਿੱਚ ਸਕੂਲ ਲੈਟਰ ਹੈੱਡ ਤੇ ਪ੍ਰਤੀ ਬੇਨਤੀ ਦੇ ਕੇ ਨਿਰਧਾਰਿਤ ਮਿਤੀ ਤੱਕ ਕਰਵਾਈ ਜਾ ਸਕੇਗੀ ਅਤੇ ਬਾਰ੍ਹਵੀਂ ਵਿੱਚ ਸੋਧ ਕਰਵਾਉਣ ਲਈ ਸਕੂਲ ਲੈਟਰ ਹੈੱਡ ਤੇ ਪ੍ਰਤੀ ਬੇਨਤੀ ਮੁੱਖ ਦਫਤਰ ਰਜਿਸ਼ਟ੍ਰੇਸ਼ਨ ਸ਼ਾਖਾ ਵਿੱਚ ਦਿੱਤੀ ਜਾਵੇਗੀ।

16.9.21

ਉਪ ਸਕੱਤਰ (ਪੰ.ਵਿ. ਅਤੇ ਅਕਾਦਮਿਕ)

ਪੰਜਾਬ ਸਕੂਲ ਸਿੱਖਿਆ ਬੋਰਡ